ਪੰਜਾਬ ਸਕੂਲ ਸਿੱਖਿਆ ਬੋਰਡ

ਪ੍ਰੈਸ ਨੋਟ

ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ 2015 (ਸਮੇਤ ਓਪਨ ਸਕੂਲ) ਲਈ ਸਕੂਲਾਂ ਦੇ ਪ੍ਰੀਖਿਆ ਫਾਰਮ ਅਤੇ ਫੀਸਾਂ ਪ੍ਰਾਪਤ ਕਰਨ ਦੀ ਬਿਨਾਂ ਲੇਟ ਫੀਸ ਆਖਰੀ ਮਿਤੀ 29-10-2014 ਵਧਾ ਕੇ 05-11-2014 ਕਰ ਦਿੱਤੀ ਗਈ ਹੈ। ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ 2015 ਲਈ ਸੋਧਿਆ ਹੋਇਆ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਬਿਨਾਂ ਲੇਟ ਫੀਸ | 500/- ਰੁ ਲੇਟ ਫੀਸ ਨਾਲ | 1000/- ਰੁ ਲੇਟ ਫੀਸ ਨਾਲ | 2000/- ਰੁ ਲੇਟ ਫੀਸ ਨਾਲ (ਚੇਅਰਪਰਸਨ ਜੀ ਦੀ ਪ੍ਰਵਾਨਗੀ ਨਾਲ) |
|---|---|---|---|
| 05-11-2014 | 14-11-2014 | 21-11-2014 | 28-11-2014 |

2. ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ 2015 ਵਿਚ ਜਿਹੜੇ ਸਕੂਲ ਪ੍ਰੀਖਿਆਰਥੀ ਆਪਣੇ ਵੇਰਵਿਆਂ ਵਿਚ ਕੋਈ ਸੋਧ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਲੋੜੀਂਦੀ ਸੋਧ 500/- ਰੁ ਪ੍ਰਤੀ ਸੋਧ ਦੇ ਹਿਸਾਬ ਨਾਲ ਅਤੇ ਵਿਸ਼ਿਆਂ ਸਬੰਧੀ ਜੇਕਰ ਕੋਈ ਸੋਧ ਹੋਵੇ ਤਾਂ 2000/- ਰੁ ਪ੍ਰਤੀ ਵਿਸ਼ਾ ਬਦਲੀ ਫੀਸ ਨਾਲ ਮਿਤੀ 17-11-2014 ਤੋਂ ਲੈ ਕੇ 31-12-2014 ਤੱਕ ਸੋਧ ਸਬੰਧੀ ਲੋੜੀਂਦੇ ਦਸਤਾਵੇਜ਼ ਮੁੱਖ ਦਫਤਰ ਵਿਖੇ ਪ੍ਰੀਖਿਆ ਸ਼ਾਖਾਵਾਂ ਦੇ ਸਬੰਧਤ ਸੈਕਸ਼ਨਾਂ ਵਿਚ ਪੇਸ਼ ਕਰਕੇ ਸੋਧ ਕਰਵਾ ਸਕਦੇ ਹਨ। ਸਕੂਲ ਵਲੋਂ ਆਪਣੇ ਪੱਧਰ ਤੇ ਪ੍ਰੀਖਿਆ ਫਾਰਮ ਵਿੱਚ ਕੀਤੀ ਕੋਈ ਸੋਧ ਮੰਨਣ ਯੋਗ ਨਹੀਂ ਹੋਵੇਗੀ। ਸੋਧਾਂ ਸਬੰਧੀ ਪ੍ਰੋਫਾਰਮਾ ਸਬੰਧਤ ਸਕੂਲ ਦੀ ਲਾਗ ਇੰਨ ਆਈ.ਡੀ ਵਿੱਚ ਮਿਤੀ 20-10-2014 ਤੋਂ ਬਾਅਦ ਉਪਲਬਧ ਹੋਵੇਗਾ।

3. ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਵਾਲੇ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਸਬੰਧਤ ਸਕੂਲ ਦੀ ਲਾਗ ਇੰਨ ਆਈ.ਡੀ ਵਿੱਚ ਲਾਟ 2 ਤੋਂ ਬਾਅਦ ਪਾ ਦਿੱਤੇ ਗਏ ਹਨ। ਜੇਕਰ ਕਿਸੇ ਸਕੂਲ ਨੂੰ ਬੋਰਡ ਦੇ ਖੇਤਰੀ ਦਫਤਰ ਤੋਂ ਪ੍ਰੀਖਿਆ ਫਾਰਮ ਪ੍ਰਾਪਤ ਨਹੀਂ ਹੋਏ ਤਾਂ ਉਹ ਆਪਣੇ ਪ੍ਰੀਖਿਆ ਫਾਰਮ ਸਕੂਲ ਦੇ ਲਾਗ ਇੰਨ ਆਈ.ਡੀ ਤੋਂ ਪ੍ਰਾਪਤ ਕਰ ਸਕਦੇ ਹਨ।

ਸਕੱਤਰ